ਪੰਜਾਬ ਵਿਧਾਨ ਸਭਾ

ਬਿੱਲ ਨੰ. 15 ਪੀ.ਐਲ.ਏ 2025

ਪੰਜਾਬ ਕਿਰਤ ਭਲਾਈ ਫੰਡ (ਸੋਧ) ਬਿਲ, 2025

(ਬਿੱਲ ਜਿਵੇਂ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ)

ਹੇਠਲੇ ਬਿੱਲ ਨੂੰ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ।

ਇੱਕ

ਬਿੱਲ

ਪੰਜਾਬ ਕਿਰਤ ਭਲਾਈ ਫ਼ੰਡ ਐਕਟ, 1965 ਵਿੱਚ ਹੋਰ ਸੋਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਿਅੱਤਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ ।

1. (1) ਇਸ ਐਕਟ ਨੂੰ ਪੰਜਾਬ ਕਿਰਤ ਭਲਾਈ ਫ਼ੰਡ (ਸੋਧ) ਐਕਟ, 2025 ਕਿਹਾ ਜਾ ਸਕੇਗਾ।

(2) ਇਹ ਇਸਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

1965 ਦੇ ਪੰਜਾਬ ਐਕਟ 17 ਦੀ ਧਾਰਾ 1 ਵਿੱਚ ਸੋਧ ।

2. ਪੰਜਾਬ ਕਿਰਤ ਭਲਾਈ ਫ਼ੰਡ ਐਕਟ, 1965 ਵਿੱਚ (ਇਸ ਵਿੱਚ ਇਸ ਤੋਂ ਪਿੱਛੋਂ ਹਵਾਲਾ ਦਿੱਤੇ ਜਾਣ ਵਾਲੇ ਮੁੱਖ ਐਕਟ ਵਜੋਂ), ਧਾਰਾ 1 ਵਿੱਚ, ਉਪ-ਧਾਰਾ (2) ਲਈ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ 'ਤੇ ਹੋਵੇਗਾ।"

1965 ਦੇ ਪੰਜਾਬ ਐਕਟ 17 ਦੀ ਧਾਰਾ 2 ਵਿੱਚ ਸੋਧ ।

3. ਮੁੱਖ ਐਕਟ ਵਿੱਚ, ਧਾਰਾ 2 ਵਿੱਚ,–

(i) ਖੰਡ (1) ਅਤੇ (2) ਲਈ, ਹੇਠ-ਲਿਖੇ ਖੰਡ ਰੱਖੇ ਜਾਣਗੇ, ਅਰਥਾਤ:-

"(1) "ਬੋਰਡ" ਦਾ ਮਤਲਬ ਹੈ ਧਾਰਾ 4 ਅਧੀਨ ਸਥਾਪਤ ਅਤੇ ਗਠਤ ਕੀਤਾ ਗਿਆ ਪੰਜਾਬ ਕਿਰਤ ਭਲਾਈ ਬੋਰਡ;

(2) "ਕਰਮਚਾਰੀ" ਦਾ ਮਤਲਬ ਹੈ ਕੋਈ ਵਿਅਕਤੀ ਜੋ ਸਿੱਧੇ ਤੌਰ ਤੇ ਜਾਂ ਕਿਸੇ ਏਜੰਸੀ ਰਾਹੀਂ (ਜਿਸ ਵਿੱਚ ਇੱਕ ਠੇਕੇਦਾਰ ਸ਼ਾਮਲ ਹੈ), ਮੁੱਖ ਨਿਯੋਜਕ ਦੀ ਜਾਣਕਾਰੀ ਨਾਲ ਜਾਂ ਬਿਨਾਂ ਜਾਣਕਾਰੀ ਦੇ, ਕਿਸੇ ਕਾਰਖਾਨੇ ਜਾਂ ਅਦਾਰੇ ਵਿੱਚ ਇਸਦੇ ਮਾਮਲਿਆਂ ਨਾਲ ਸਬੰਧਤ ਕੰਮ ਕਰਨ ਲਈ, ਮਿਹਨਤਾਨੇ ਲਈ ਰੁਜ਼ਗਾਰ 'ਤੇ ਲੱਗਾ ਹੋਇਆ ਹੈ ਅਤੇ ਉਜਰਤਾਂ ਦੀ ਅਦਾਇਗੀ ਐਕਟ, 1936 (1937 ਦਾ ਕੇਂਦਰੀ ਐਕਟ ਨੰ. 4) ਅਧੀਨ, ਜਿਵੇਂ ਸਮੇਂ-ਸਮੇਂ ਤੇ ਸੋਧਿਆ ਹੋਵੇ, ਉਜਰਤਾਂ ਪ੍ਰਾਪਤ ਕਰ ਰਿਹਾ ਹੈ;";

(ii) ਖੰਡ (4) ਲਈ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

"(4) "ਅਦਾਰਾ" ਦਾ ਮਤਲਬ ਹੈ,–

(i) ਇੱਕ ਕਾਰਖਾਨਾ;

(ii) ਦਸ ਜਾਂ ਵੱਧ ਕਰਮਚਾਰੀਆਂ ਨੂੰ ਰੁਜ਼ਗਾਰ 'ਤੇ ਲਗਾਉਣ ਵਾਲੀ ਇੱਕ ਮੋਟਰ ਆਵਾਜਾਈ ਉਪਕ੍ਰਮ; ਜਾਂ

(iii) ਵੀਹ ਜਾਂ ਵੱਧ ਕਰਮਚਾਰੀਆਂ ਨੂੰ ਰੁਜ਼ਗਾਰ ਤੇ ਲਗਾਉਣ ਵਾਲਾ ਕੋਈ ਅਦਾਰਾ ਜਿਵੇਂ ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ ਐਕਟ, 1958 (1958 ਦਾ ਪੰਜਾਬ ਐਕਟ ਨੰ. 15) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ। ਹਾਲਾਂਕਿ ਵੀਹ ਤੋਂ ਘੱਟ ਕਰਮਚਾਰੀਆਂ ਨੂੰ ਰੁਜ਼ਗਾਰ ਤੇ ਲਗਾਉਣ ਵਾਲਾ ਕੋਈ ਅਦਾਰਾ, ਜਿਵੇਂ ਉਕਤ ਐਕਟ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ, ਇਸ ਪਰਿਭਾਸ਼ਾ ਦਾ ਹਿੱਸਾ ਵਿਚਾਰਿਆ ਜਾਵੇਗਾ ਬਸ਼ਰਤੇ ਅਜਿਹਾ ਅਦਾਰਾ ਖੁਦ ਬ ਖੁਦ ਅਜਿਹਾ ਚੋਣ-ਅਖ਼ਤਿਆਰ ਅਜਿਹੇ ਤਰੀਕੇ ਨਾਲ ਦਿੰਦਾ ਹੈ ਜਿਵੇਂ ਉਲਿਖਤ ਕੀਤਾ ਜਾਵੇ;

(iv) ਸੋਸਾਇਟੀਆਂ ਰਜਿਸਟ੍ਰੀਕਰਨ ਐਕਟ 1860 (1860 ਦਾ ਕੇਂਦਰੀ ਐਕਟ ਨੰ. 21) ਅਧੀਨ ਰਜਿਸਟਰਸ਼ੁਦਾ ਇੱਕ ਸੋਸਾਇਟੀ, ਅਤੇ ਦਾਨ-ਆਧਾਰੀ ਜਾਂ ਹੋਰ ਟ੍ਰਸਟ, ਜਿਹੜਾ ਉਸ ਨਾਲ ਤੱਲਕ ਰੱਖਦੇ ਜਾਂ ਉਸ ਨਾਲ ਅਨੁਸੰਗਕ ਕੋਈ ਕਾਰੋਬਾਰ ਜਾਂ ਵਪਾਰ ਜਾਂ ਕੋਈ ਕੰਮ ਕਰਦਾ ਹੈ ਅਤੇ ਪਿਛਲੇ ਬਾਰ੍ਹਾਂ ਮਹੀਨਿਆਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਵੀਹ ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਤੇ ਰੱਖ ਰਿਹਾ ਹੈ;

(v) ਠੇਕੇਦਾਰ ਜਿਵੇਂ ਮੁਆਇਦਾ ਕਿਰਤ (ਵਿਨਿਯਮ ਅਤੇ ਅੰਤਕਰਣ) ਐਕਟ, 1970 (1970 ਦਾ ਕੇਂਦਰੀ ਐਕਟ ਨੰ. 37) ਦੀ ਧਾਰਾ 2 ਦੀ ਉਪ-ਧਾਰਾ (1) ਦੇ ਖੰਡ (ੲ) ਵਿੱਚ ਪਰਿਭਾਸ਼ਤ ਕੀਤਾ ਗਿਆ ਹੋਵੇ;";

(iii) ਖੰਡ (6) ਲਈ, ਹੇਠ-ਲਿਖਿਆ ਖੰਡ ਰੱਖਿਆ ਜਾਵੇਗਾ, ਅਰਥਾਤ:-

"(6) "ਫ਼ੰਡ" ਦਾ ਮਤਲਬ ਹੈ ਪੰਜਾਬ ਰਾਜ ਲਈ ਧਾਰਾ 3 ਅਧੀਨ ਗਠਤ ਕੀਤਾ ਗਿਆ ਕਿਰਤ ਭਲਾਈ ਫ਼ੰਡ;"; ਅਤੇ

(iv) ਖੰਡ (12) ਵਿੱਚ, ਚਿੰਨ੍ਹ "।" ਲਈ ਚਿੰਨ੍ਹ ";" ਰੱਖਿਆ ਜਾਵੇਗਾ ਅਤੇ ਇਸਤੋਂ ਬਾਅਦ, ਹੇਠ-ਲਿਖੇ ਖੰਡ ਜੋੜੇ ਜਾਣਗੇ, ਅਰਥਾਤ:-

"(13) "ਪ੍ਰਮੁੱਖ ਨਿਯੋਜਕ" ਦਾ ਮਤਲਬ ਹੈ ਪ੍ਰਮੁੱਖ ਨਿਯੋਜਕ ਜਿਵੇਂ ਮੁਆਇਦਾ ਕਿਰਤ (ਵਿਨਿਯਮ ਅਤੇ ਅੰਤਕਰਣ) ਐਕਟ, 1970 (1970 ਦਾ ਕੇਂਦਰੀ ਐਕਟ ਨੰ. 37) ਦੀ ਧਾਰਾ 2 ਦੀ ਉਪ-ਧਾਰਾ (1) ਦੇ ਖੰਡ (ਖ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ; ਅਤੇ

(14) "ਸਮਝੌਤਾ ਫ਼ੀਸ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 26-ਅ ਅਧੀਨ ਅਪਰਾਧਾਂ ਦੇ ਰਾਜ਼ੀਨਾਮੇ ਲਈ ਅਦਾ ਕੀਤੀ ਫ਼ੀਸ।"

1965 ਦੇ ਪੰਜਾਬ ਐਕਟ 17 ਦੀ ਧਾਰਾ 3 ਵਿੱਚ ਸੋਧ।

4. ਮੁੱਖ ਐਕਟ ਵਿੱਚ, ਧਾਰਾ 3 ਵਿੱਚ ਉਪ-ਧਾਰਾ (2) ਵਿੱਚ,–

(i) ਖੰਡ (ਕ) ਵਿੱਚ, ਸ਼ਬਦ "ਅਤੇ" ਲੋਪ ਕੀਤਾ ਜਾਵੇਗਾ; ਅਤੇ

(ii) ਖੰਡ (ਖ) ਵਿੱਚ, ਚਿੰਨ੍ਹ "।" ਲਈ, ਚਿੰਨ੍ਹ ਅਤੇ ਸ਼ਬਦ "; ਅਤੇ" ਰੱਖੇ ਜਾਣਗੇ ਅਤੇ ਇਸਤੋਂ ਬਾਅਦ, ਹੇਠ-ਲਿਖਿਆ ਖੰਡ ਜੋੜਿਆ ਜਾਵੇਗਾ, ਅਰਥਾਤ:-

"(ਗ) ਨਿਯੋਜਕਾਂ ਤੋਂ ਵਸੂਲੀ ਗਈ ਸਮਝੌਤਾ ਫ਼ੀਸ।"

1965 ਦੇ ਪੰਜਾਬ ਐਕਟ 17 ਦੀ ਧਾਰਾ 4 ਵਿੱਚ ਸੋਧ।

5. ਮੁੱਖ ਐਕਟ ਵਿੱਚ, ਧਾਰਾ 4 ਵਿੱਚ ਉਪ-ਧਾਰਾ (1) ਵਿੱਚ, ਸ਼ਬਦ "ਜਾਂ ਹਰਿਆਣਾ ਜਾਂ ਚੰਡੀਗੜ੍ਹ ਦਾ ਖੇਤਰ ਜਿਹੀ ਕਿ ਸੂਰਤ ਹੋਵੇ" ਲੋਪ ਕੀਤੇ ਜਾਣਗੇ।

1965 ਦੇ ਪੰਜਾਬ ਐਕਟ 17 ਦੀ ਧਾਰਾ 9 ਦਾ ਪ੍ਰਤਿਸਥਾਪਨ।

6. ਮੁੱਖ ਐਕਟ ਵਿੱਚ, ਧਾਰਾ 9 ਲਈ, ਹੇਠ-ਲਿਖੀ ਧਾਰਾ ਰੱਖੀ ਜਾਵੇਗੀ, ਅਰਥਾਤ:-

ਅਣ-ਅਦਾ ਸੰਚਤ ਰਕਮਾਂ ਅਤੇ ਉਨ੍ਹਾਂ ਦੇ ਕਲੇਮ।

"9. (1) ਸਾਰੀਆਂ ਅਣ-ਅਦਾ ਸੰਚਤ-ਰਕਮਾਂ ਤੱਜੀ ਗਈ ਸੰਪੱਤੀ ਸਮਝੀ

।

(2) ਇਸ ਐਕਟ ਦੀ ਧਾਰਾ 3 ਮੁਤਾਬਕ ਨਿਯੋਜਕ ਕੋਲ ਲੰਬਿਤ ਕਲੇਮਾਂ ਲਈ

ਕਰਮਚਾਰੀ ਨੂੰ ਯੋਗ ਮੌਕਾ ਦੇਣ ਤੋਂ ਬਾਅਦ ਨਿਯੋਜਕ, ਕਰਮਚਾਰੀ ਨੂੰ ਕੀਤੀ ਆਖ਼ਰੀ ਅਦਾਇਗੀ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ, ਅਣ-ਅਦਾ ਸੰਚਤ ਰਕਮਾਂ ਦਾ ਜਮ੍ਹਾਂ ਹੋਣਾ ਯਕੀਨੀ ਬਣਾਏਗਾ।

(3) ਜਮ੍ਹਾਂ ਕੀਤੀਆਂ ਅਣ-ਅਦਾ ਸੰਚਤ ਰਕਮਾਂ ਬੋਰਡ ਦੀ ਸੰਪੱਤੀ ਹੋਵੇਗੀ ਅਤੇ ਫ਼ੰਡ ਦਾ ਹੀ ਹਿੱਸਾ ਹੋਵੇਗੀ।

(4) ਜੇ ਨਿਯੋਜਕ ਉੱਪਰ ਜ਼ਿਕਰ ਕੀਤੀ ਮੁੱਦਤ ਇੱਕ ਸਾਲ ਤੋਂ ਪਹਿਲਾਂ ਅਣ-ਅਦਾ ਸੰਚਤ ਰਕਮਾਂ ਪੇਸ਼ ਕਰਦਾ ਹੈ, ਤਾਂ ਉਸ ਲਈ ਨਿਯੋਜਕ ਇਕੱਲਾ ਹੀ

ਜ਼ਿੰਮੇਵਾਰ ਹੋਵੇਗਾ ਅਤੇ ਨਿਯੋਜਕ ਇਸ ਬਾਬਤ ਬੋਰਡ ਕੋਲੋਂ ਕੋਈ ਰੀਫ਼ੰਡ ਲੈਣ ਲਈ ਕਲੇਮ ਨਹੀਂ ਕਰ ਸਕਦਾ।

(5) ਕਰਮਚਾਰੀ ਅਸਲ ਕਲੇਮ ਸਾਲ ਤੋਂ ਦੋ ਵਿੱਤੀ ਸਾਲਾਂ ਦੇ ਅੰਦਰ ਬੋਰਡ ਕੋਲੋਂ ਅਣ-ਅਦਾ ਸੰਚਤ ਰਕਮਾਂ ਕਲੇਮ ਕਰ ਸਕਦਾ ਹੈ। ਅਜਿਹੇ ਕਲੇਮ ਤੇ ਬੋਰਡ ਦੁਆਰਾ ਵਿਚਾਰ ਅਤੇ ਫ਼ੈਸਲਾ ਕੀਤਾ ਜਾਵੇਗਾ। ਜੇ ਅਦਾਇਗੀ ਕਲੇਮ-ਕਰਤਾ ਨੂੰ ਕੀਤੀ ਜਾਣੀ ਹੈ, ਤਾਂ ਇਹ ਬਿਨਾਂ ਕਿਸੇ ਵਿਆਜ ਤੋਂ ਹੋਵੇਗੀ।"

1965 ਦੇ ਪੰਜਾਬ ਐਕਟ 17 ਦੀ ਧਾਰਾ 9-ੳ ਵਿੱਚ ਸੋਧ ।

7. ਮੁੱਖ ਐਕਟ ਵਿੱਚ, ਧਾਰਾ 9-ੳ ਵਿੱਚ,–

(i) ਉਪ-ਧਾਰਾ (1) ਵਿੱਚ, ਸ਼ਬਦ "ਪੰਜ ਰੁਪਏ" ਅਤੇ "ਵੀਹ ਰੁਪਏ" ਲਈ, ਸ਼ਬਦ "ਦਸ ਰੁਪਏ" ਅਤੇ "ਚਾਲ਼ੀ ਰੁਪਏ" ਕ੍ਰਮਵਾਰ, ਰੱਖੇ ਜਾਣਗੇ; ਅਤੇ

(ii) ਉਪ-ਧਾਰਾ (2) ਲਈ, ਹੇਠ-ਲਿਖੀ ਉਪ-ਧਾਰਾ ਰੱਖੀ ਜਾਵੇਗੀ, ਅਰਥਾਤ:-

"(2) ਹਰੇਕ ਨਿਯੋਜਕ ਫ਼ੰਡ ਵਿੱਚ ਦੋਵੇਂ, ਆਪਣਾ ਅਤੇ ਕਰਮਚਾਰੀ ਦਾ ਯੋਗਦਾਨ ਅਦਾ ਕਰੇਗਾ ਅਤੇ ਭਲਾਈ ਕਮਿਸ਼ਨਰ ਦੁਆਰਾ ਉਲਿੱਖਤ ਕੀਤੇ ਅਨੁਸਾਰ ਹਰੇਕ ਸਾਲ ਦੇ ਅਪ੍ਰੈਲ ਦੇ ਪਹਿਲੇ ਦਿਨ ਤੋਂ ਅਰੰਭ ਤੋਂ ਲੈ ਕੇ ਸਤੰਬਰ ਦੇ ਤੀਹਵੇਂ ਦਿਨ ਤੱਕ ਦੀ ਮੁੱਦਤ ਲਈ ਅਕਤੂਬਰ ਦੇ ਪੰਦਰ੍ਹਵੇਂ ਦਿਨ ਤੋਂ ਪਹਿਲਾਂ ਅਤੇ ਹਰੇਕ ਸਾਲ ਦੇ ਅਕਤੂਬਰ ਦੇ ਪਹਿਲੇ ਦਿਨ ਤੋਂ ਅਰੰਭ ਤੋਂ ਲੈ ਕੇ ਮਾਰਚ ਦੇ ਇਕੱਤੀਵੇਂ ਦਿਨ ਤੱਕ ਦੀ ਮੁੱਦਤ ਲਈ ਅਪ੍ਰੈਲ ਦੇ ਪੰਦਰ੍ਹਵੇਂ ਦਿਨ ਤੋਂ ਪਹਿਲਾਂ, ਵਿਵਰਣ ਪੇਸ਼ ਕਰੇਗਾ।"

1965 ਦੇ ਪੰਜਾਬ ਐਕਟ 17 ਵਿੱਚ ਨਵੀਆਂ ਧਾਰਾਵਾਂ ਦਾ ਅੰਤਰਸਥਾਪਨ ।

8. ਮੁੱਖ ਐਕਟ ਵਿੱਚ, ਧਾਰਾ 26 ਤੋਂ ਪਿੱਛੋਂ, ਹੇਠ-ਲਿਖੀਆਂ ਧਾਰਾਵਾਂ ਅੰਤਰ-ਸਥਾਪਤ ਕੀਤੀਆਂ ਜਾਣਗੀਆਂ, ਅਰਥਾਤ:-

ਅਪਰਾਧਾਂ ਲਈ ਆਮ ਦੰਡ ।

"26-ੳ. ਜੇ, ਕਿਸੇ ਅਦਾਰੇ ਬਾਰੇ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣੇ ਨਿਯਮਾਂ ਦੀ ਉਲੰਘਣਾ ਹੋ ਰਹੀ ਹੈ ਜਾਂ ਪਾਲਣਾ ਨਹੀਂ ਹੋ ਰਹੀ ਹੈ, ਤਾਂ ਨਿਯੋਜਕ ਇੱਕ ਅਪਰਾਧ ਲਈ ਕਸੂਰਵਾਰ ਹੋਵੇਗਾ ਅਤੇ ਘੱਟੋ-ਘੱਟ ਵੀਹ ਹਜ਼ਾਰ ਰੁਪਏ ਜੁਰਮਾਨਾ ਜੋ

ਪੰਜਾਹ ਹਜ਼ਾਰ ਰੁਪਏ ਤੱਕ ਵਧ ਸਕਦਾ ਹੈ, ਨਾਲ ਸਜ਼ਾਯੋਗ ਹੋਵੇਗਾ ਅਤੇ ਜੇ ਉਲੰਘਣਾ ਸਿੱਧ-ਦੋਸ਼ੀ ਤੋਂ ਪਿੱਛੋਂ ਵੀ ਜਾਰੀ ਰਹਿੰਦੀ ਹੈ ਤਾਂ ਹੋਰ ਜੁਰਮਾਨਾ ਜੋ ਕਿ ਅਜਿਹੀ ਉਲੰਘਣਾ ਨੂੰ ਜਾਰੀ ਰੱਖਣ ਦੀ ਮੁੱਦਤ ਦੇ ਹਰੇਕ ਦਿਨ ਲਈ ਪ੍ਰਤਿ ਦਿਨ ਇੱਕ ਹਜ਼ਾਰ ਤੱਕ ਵਧ ਸਕਦਾ ਹੈ।

26-ਅ. ਇਸ ਐਕਟ ਅਧੀਨ ਜੁਰਮਾਨੇ ਨਾਲ ਸਜ਼ਾਯੋਗ ਕੋਈ ਅਪਰਾਧ, ਮੁਲਜ਼ਮ ਦੀ ਇੱਕ ਦਰਖ਼ਾਸਤ ’ਤੇ, ਛਾਣਬੀਣ ਕਰਨ ਤੋਂ ਪਹਿਲਾਂ ਜਾਂ ਬਾਅਦ ਵਿੱਚ, ਰਾਜ ਸਰਕਾਰ ਦੇ ਅਜਿਹੇ ਅਧਿਕਾਰੀ ਦੁਆਰਾ ਜਿਵੇਂ ਰਾਜ ਸਰਕਾਰ ਦੁਆਰਾ ਅਜਿਹੇ ਤਰੀਕੇ ਨਾਲ ਅਧਿਸੂਚਿਤ ਕੀਤਾ ਜਾਵੇ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਰਕਮ ਲਈ ਰਾਜ਼ੀਨਾਮਾ ਕੀਤਾ ਜਾ ਸਕਦਾ ਹੈ, ਜਿਵੇਂ ਇਸ ਐਕਟ ਦੀ ਧਾਰਾ 26-ੳ ਵਿੱਚ ਜ਼ਿਕਰ ਕੀਤਾ ਹੈ। ਅਪਰਾਧਾਂ ਵਿੱਚ ਰਾਜ਼ੀਨਾਮਾ ਕਰਦੇ ਵੇਲੇ ਅਰੋਪੀ ਗਈ ਸਮਝੌਤਾ ਫ਼ੀਸ ਫ਼ੰਡ ਦਾ ਹੀ ਹਿੱਸਾ ਹੋਵੇਗੀ।

ਅਪਰਾਧਾਂ ਦੀ ਅਧਿਕਾਰਤਾ।

26-ੲ. (1) ਇੱਕ ਇੰਸਪੈਕਟਰ ਦੀ ਸ਼ਿਕਾਇਤ ’ਤੇ ਜਾਂ ਲਿਖਤੀ ਰੂਪ ਵਿੱਚ ਉਸਦੀ ਪੂਰਵ ਮਨਜ਼ੂਰੀ ਤੋਂ ਬਿਨਾਂ ਕੋਈ ਅਦਾਲਤ ਇਸ ਐਕਟ ਅਧੀਨ ਕਿਸੇ ਵੀ ਅਪਰਾਧ ਦੀ ਅਧਿਕਾਰਤਾ ਨਹੀਂ ਲਵੇਗੀ।

(2) ਪਹਿਲੀ ਸ਼੍ਰੇਣੀ ਦੇ ਮੈਜਿਸਟ੍ਰੇਟ ਤੋਂ ਥੱਲੇ ਦੀ ਕੋਈ ਵੀ ਅਦਾਲਤ ਇਸ ਐਕਟ ਅਧੀਨ ਸਜ਼ਾਯੋਗ ਕਿਸੇ ਵੀ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।”

## ਉਦੇਸ਼ਾਂ ਅਤੇ ਕਾਰਣਾਂ ਦਾ ਵਿਵਰਣ

ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965, ਸਾਲ 1965 ਵਿੱਚ ਐਕਟ ਨੰਬਰ 17 ਵਜੋਂ ਹੋਂਦ ਵਿੱਚ ਆਇਆ ਸੀ। ਇਸ ਐਕਟ ਅਧੀਨ ਕੀਤੀਆਂ ਕਈ ਵਿਵਸਥਾਵਾਂ ਹੁਣ ਮੌਜੂਦਾ ਜਰੂਰਤਾਂ ਅਤੇ ਹਾਲਾਤਾਂ ਨਾਲ ਮੇਲ ਨਹੀਂ ਖਾਦੀਆਂ ਹਨ। ਅੱਜ ਦੀਆਂ ਲੋੜਾਂ ਅਤੇ ਮੰਗਾਂ ਧਿਆਨ ਵਿੱਚ ਰੱਖਦਿਆਂ, ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਰੂਲਜ਼ 1966 ਵਿੱਚ ਸੋਧ ਕਰਨ ਦੀ ਲੋੜ ਹੈ। ਪੰਜਾਬ ਲੇਬਰ ਵੈਲਫੇਅਰ ਫੰਡ ਐਕਟ 1965 ਵਿੱਚ ਇਨ੍ਹਾਂ ਉਪਰੋਕਤ ਸੁਧਾਰਾਂ ਨਾਲ ਬੋਰਡ ਦੇ ਵਿੱਤੀ ਸਰੋਤਾਂ ਵਿੱਚ ਸੁਧਾਰ ਹੋਵੇਗਾ ਅਤੇ ਉਲੰਘਣਾਵਾਂ ਅਤੇ ਗੈਰ-ਪਾਲਣਾ ਲਈ ਜੁਰਮਾਨੇ ਦੀ ਸ਼ੁਰੂਆਤ ਉਕਤ ਐਕਟ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਵਿੱਚ ਸਹਾਇਤਾ ਕਰੇਗੀ ਅਤੇ ਬਦਲੇ ਵਿੱਚ ਲੋੜਵੰਦ ਕਰਮਚਾਰੀਆਂ ਨੂੰ ਲਾਭਾਂ ਨੂੰ ਯਕੀਨੀ ਬਣਾਉਣ ਵਿੱਚ ਅਗਵਾਈ ਕਰੇਗਾ, ਜਦੋਂ ਕਿ, ਅਪਰਾਧਾਂ ਦੇ ਮਿਸ਼ਰਣ ਸੰਬੰਧੀ ਵਿਵਸਥਾਵਾਂ ਦੀ ਸ਼ੁਰੂਆਤ ਨਾਲ ਹੀ ਇਹ ਯਕੀਨੀ ਬਣਾਏਗੀ ਕਿ ਕਾਰੋਬਾਰ ਕਰਨ ਦੀ ਸੌਖ ਨਾਲ ਸਮਝੌਤਾ ਨਾ ਕੀਤਾ ਜਾਵੇ।

ਇਸ ਲਈ ਪੰਜਾਬ ਲੇਬਰ ਵੈਲਫੇਅਰ ਫੰਡ (ਸੋਧ) ਬਿਲ, 2025 ਬਣਾਇਆ ਗਿਆ ਹੈ।

(ਤਰੁਨਪ੍ਰੀਤ ਸਿੰਘ ਸੌਂਦ)

ਮੰਤਰੀ ਇੰਚਾਰਜ:ਕਿਰਤ ਵਿਭਾਗ